**Office of Deputy Commissioner, Fazilka**

**ਦਫਤੱਰ ਡਿਪਟੀ ਕਮਿਸ਼ਨਰ, ਫਾਜ਼ਿਲਕਾ**

**(ਫੁੱਟਕਲ ਸ਼ਾਖਾ)**

---

ਹੁਕਮ :-

Covid-19 (ਕੋਰੋਨਾ ਵਾਇਰਸ) ਦੀ ਰੋਕਥਾਮ ਲਈ ਪੰਜਾਬ ਸਰਕਾਰਂ ਦੇ ਮੀਮੋ ਨੰਬਰ 11/15/2020-5 ਡੀ.ਐਮ.1/6139-41 ਮਿਤੀ 26-03-2020 ਅਤੇ ਭਾਰਤ ਸਰਕਾਰ ਦੇ ਮੀਮੋ ਨੰ. 33-04/2020-ਐਨ.ਡੀ.ਐਮ.-1 ਮਿਤੀ 28-03-2020 ਮੁਤਾਬਕ ਤਾਲਾ-ਬੰਦੀ/ਕਰਫਿਊ ਕਾਰਣ ਬੇ-ਘਰ ਲੋਕ ਸਮੇਤ ਪ੍ਰਵਾਸੀ ਲੇਬਰ ਆਦਿ ਇਸ ਤੋਂ ਕਾਫੀ ਪ੍ਰਭਾਵਿਤ ਹੋਏ ਹਨ, ਨੂੰ ਉਨ੍ਹਾਂ ਦੇ ਰਹਿਣ, ਖਾਣ/ਪੀਣ ਅਤੇ ਮੈਡੀਕਲ ਸਹੂਲਤਾਂ ਆਦਿ ਲਈ ਸ਼ੈਲਟਰ ਮੁਹੱਈਆ ਕਰਵਾਇਆ ਜਾਣਾ ਹੈ।

ਉਪਰੋਕਤ ਹਦਾਇਤਾਂ ਦੀ ਪਾਲਣਾ ਵਿਚ ਮੈਂ ਅਰਵਿੰਦ ਪਾਲ ਸਿੰਘ ਸੰਧੂ, ਆਈ.ਏ.ਐਸ. ਜ਼ਿਲ੍ਹਾ ਮੈਜਿਸਟਰੇਟ, ਫਾਜ਼ਿਲਕਾ ਕੋਮੀ ਆਪਦਾ ਪ੍ਰਬੰਧਨ ਐਕਟ-2005 ਤਹਿਤ ਮਿਲੇ ਹੋਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਹੇਠ ਲਿਖੀ ਅੰਕਿਤ ਬਿਲਡਿੰਗ ਨੂੰ ਉਕਤ ਮੰਤਵ ਲਈ ਬਤੌਰ ਕੋਵਿਡ-19 ਸ਼ੈਲਟਰ ਘੋਸ਼ਿਤ ਕਰਦਾ ਹਾਂ :-

| Police Station | Shelter Name & Location | Name & contact No. of representative of shelter | Name & contact No. of Supervisory Civil Officer | Name & contact No. of Supervisory Police Officer | Name & contact No. of Overall Distt. Incharge |
|---|---|---|---|---|---|
| Khuian Sarwar | Govt. High School Gumjal | Sh. Dev Chauhan, Headmaster,Govt. High School Gumjal (96466-41777) | Sh.Baljinder Singh Naib Tehsildar, Khuian Sarwar (94631-00333) | Sh.Bhupinder Singh Bhuller, DSP(D) Fazilka (98154-26800) | Sh.Ranjeet Singh Secy.Zila Prishad Fazilka (82839-11577) |

ਲੋੜਵੰਦ ਵਿਅਕਤੀ ਸਭ ਤੋਂ ਪਹਿਲੇ ਆਪਣੇ ਨੇੜਲੇ ਪੁਲਿਸ ਥਾਣੇ ਵਿਚ ਸ਼ੈਲਟਰ ਲਈ ਸੂਚਨਾ ਦੇਵੇਗਾ ਅਤੇ ਸਬੰਧਤ ਥਾਣੇ ਦਾ ਮੁੱਖੀ ਇਸ ਲੋੜਵੰਦ ਵਿਅਕਤੀ ਨੂੰ ਉਪਰੋਕਤ ਵਰਣਨ ਬਿਲਡਿੰਗ ਵਿਚ ਪਹੁੰਚਾਉਣ ਦਾ ਜ਼ਿੰਮੇਵਾਰ ਹੋਵੇਗਾ।

ਸਕੱਤਰ ਆਰ.ਟੀ.ਏ ਫਿਰੋਜਪੁਰ ਇਸ ਮੰਤਵ ਲਈ ਸਬੰਧਤ ਐਸ.ਐਚ.ਓ. ਨੂੰ ਸਮਰੱਥਾ ਅਨੁਸਾਰ ਵਹੀਕਲ ਮੁਹੱਈਆ ਕਰਵਾਏਗਾ, ਜੋ ਕਿ ਸਮਾਜਿਕ ਦੂਰੀ ਨੂੰ ਮੁੱਖ ਰੱਖਦੇ ਹੋਏ, ਇਨ੍ਹਾਂ ਲੋੜਵੰਦ ਵਿਅਕਤੀਆਂ ਨੂੰ ਉਨ੍ਹਾਂ ਦੇ ਸਥਾਨ ਤੋਂ (ਬਿਸਤਰਾ/ਕੰਬਲ/ਕੱਪੜੇ ਆਦਿ ਆਪਣੇ ਨਾਲ ਲਿਆ ਸਕਦਾ ਹੈ) ਲੈ ਕੇ ਉਪਰੋਕਤ ਕੋਵਿਡ-19 ਸ਼ੈਲਟਰ ਵਿਖੇ ਛੱਡ ਕੇ ਆਵੇਗਾ।

ਜ਼ਿਲ੍ਹਾ ਫਾਜਿਲਕਾ ਵਿਚ ਸਥਿਤ ਸਾਰੇ ਥਾਣਿਆਂ ਦੇ ਮੁੱਖੀ ਲੋੜਵੰਦ ਵਿਅਕਤੀਆਂ ਦੇ ਨਾਮ, ਪਤਾ, ਲਿੰਗ ਆਦਿ ਦੀ ਲਿਸਟ ਹਰ ਰੋਜ਼ ਸ਼ਾਮ 05:00 ਵਜੇ ਤੱਕ ਡੀ.ਐਸ.ਪੀ.(ਡੀ) ਫਾਜ਼ਿਲਕਾ ਰਾਹੀਂ ਸ੍ਰੀ ਰਣਜੀਤ ਸਿੰਘ ਸੈਕਟਰੀ ਜ਼ਿਲ੍ਹਾ ਪ੍ਰੀਸ਼ਦ ਫਾਜ਼ਿਲਕਾ ਤੱਕ ਭੇਜਣਗੇ।

ਸੀਨੀਅਰ ਕਪਤਾਨ ਪੁਲਿਸ, ਫਾਜ਼ਿਲਕਾ ਉਪਰੋਕਤ ਕੋਵਿਡ-19 ਸ਼ੈਲਟਰ ਵਿਚ ਲੋੜ ਅਨੁਸਾਰ ਸੁਰੱਖਿਆ ਪ੍ਰਬੰਧ ਨੂੰ ਦੇਖਦੇ ਹੋਏ ਪੁਲਿਸ ਫੋਰਸ ਤਾਇਨਾਤ ਕਰਨਗੇ।

ਕਾਰਜਕਾਰੀ ਇੰਜੀਨੀਅਰ, ਪੀ.ਐਸ.ਪੀ.ਸੀ.ਐਲ.ਫਾਜ਼ਿਲਕਾ ਇਸ ਗੱਲ ਨੂੰ ਸੁਨਿਸ਼ਚਿਤ ਕਰਨਗੇ ਕਿ ਉਹ, ਉਪਰੋਕਤ ਕੋਵਿਡ-19 ਸ਼ੈਲਟਰ ਵਿਚ ਨਿਰਵਿਘਨ ਬਿਜਲੀ ਦੀ ਸਪਲਾਈ ਜਾਰੀ ਕਰਨ ਦੇ ਨਾਲ-2 ਸ਼ੈਲਟਰ ਵਿਖੇ ਨੋਡਲ ਅਫ਼ਸਰ ਨਿਯੁਕਤ ਕਰਕੇ ਸੂਚਨਾ ਭੇਜਣੀ ਯਕੀਨੀ ਬਨਾਉਣਗੇ।

ਹੈਡ ਮਾਸਟਰ, ਸਰਕਾਰੀ ਹਾਈ ਸਕੂਲ ਗੁੰਮਜਾਲ, ਉਪਰੋਕਤ ਕੋਵਿਡ-19 ਸ਼ੈਲਟਰ ਵਿਚ ਸਾਫ-ਸਫਾਈ/ਪੀਣ ਵਾਲੇ ਪਾਣੀ ਆਦਿ ਦਾ ਲੋੜ ਅਨੁਸਾਰ ਉਚਿਤ ਪ੍ਰਬੰਧ ਕਰਨਾ ਯਕੀਨੀ ਬਨਾਉਣਗੇ।

ਸਿਵਲ ਸਰਜਨ, ਫਾਜਿਲਕਾ ਉਪਰੋਕਤ ਕੋਵਿਡ-19 ਸ਼ੈਲਟਰ ਵਿਚ ਪ੍ਰਬੰਧ ਕਰਨ ਵਿਚ ਲੱਗੀ ਟੀਮ ਨੂੰ ਕੋਵਿਡ-19 ਤੋਂ ਬੱਚਣ ਲਈ ਵਿਭਾਗ ਵੱਲੋਂ ਜਾਰੀ ਸਮੇਂ-2 ਸਿਰ ਹਦਾਇਤਾਂ ਮੁਤਾਬਕ ਟ੍ਰੇਨਿੰਗ ਦੇਣ ਦੇ ਜ਼ਿੰਮੇਵਾਰ ਹੋਣਗੇ।

ਇਹ ਹੁਕਮ ਅੱਜ ਮਿਤੀ 01-04-2020 ਨੂੰ ਮੇਰੇ ਹਸਤਾਖਰ/ਅਦਾਲਤੀ ਮੋਹਰ ਹੇਠ ਜਾਰੀ ਕੀਤਾ ਜਾਂਦਾ ਹੈ।

ਅਰਵਿੰਦ ਪਾਲ ਸਿੰਘ ਸੰਧੂ, ਆਈ.ਏ.ਐਸ.
ਜ਼ਿਲ੍ਹਾ ਮੈਜਿਸਟਰੇਟ, ਫਾਜ਼ਿਲਕਾ।

Office of the Distt. Magistrate FAZILKA

Scanned with CamScanner

**Office of Deputy Commissioner, Fazilka**

**ਦਫਤਰ ਡਿਪਟੀ ਕਮਿਸ਼ਨਰ, ਫਾਜ਼ਿਲਕਾ**

**(ਫੁੱਟਕਲ ਸ਼ਾਖਾ).**

---

ਪਿੱਠ ਅੰਕਣ ਨੰਬਰ 5729-42 /ਐਮ.ਸੀ.3/ਐਮ.ਏ. ਮਿਤੀ 01-04-2020

ਇਸ ਦਾ ਇੱਕ ਉਤਾਰਾ :-

1) ਸੀਨੀਅਰ ਕਪਤਾਨ ਪੁਲਿਸ, ਫਾਜ਼ਿਲਕਾ ।
2) ਸਿਵਲ ਸਰਜਨ, ਫਾਜ਼ਿਲਕਾ ।
3) ਵਧੀਕ ਡਿਪਟੀ ਕਮਿਸ਼ਨਰ (ਜਨ) / (ਵਿਕਾਸ) ਫਾਜ਼ਿਲਕਾ ।
4) ਕਾਰਜਕਾਰੀ ਇੰਜੀਨੀਅਰ,ਪੀ.ਐਸ.ਪੀ.ਸੀ.ਐਲ.ਫਾਜਿਲਕਾ
5) ਸਮੂਹ ਉਪ ਮੰਡਲ ਮੈਜਿਸਟਰੇਟ, ਜ਼ਿਲ੍ਹਾ ਫਾਜ਼ਿਲਕਾ।
6) ਸੈਕਟਰੀ ਆਰ.ਟੀ.ਏ.ਫਿਰੋਜਪੁਰ।
7) ਸ੍ਰੀ ਭੁਪਿੰਦਰ ਸਿੰਘ ਡੀ.ਐਸ.ਪੀ.(ਡੀ) ਫ਼ਾਜ਼ਿਲਕਾ।
8 ਰਣਜੀਤ ਸਿੰਘ, ਸੈਕਟਰੀ ਜ਼ਿਲ੍ਹਾ ਪ੍ਰੀਸ਼ਦ ਫਾਜ਼ਿਲਕਾ।
9) ਸ੍ਰੀ ਬਲਜਿੰਦਰ ਸਿੰਘ ਨਾਇਬ ਤਹਿਸੀਲਦਾਰ, ਖੂਈਆਂ ਸਰਵਰ।
10) ਸ੍ਰੀ ਦੇਵ ਚੋਹਾਨ,ਹੈਡਮਾਸਟਰ, ਸਰਕਾਰੀ ਹਾਈ ਸਕੂਲ ਗੁੰਮਜ਼ਾਲ।
11) ਲੋਕ ਸੰਪਰਕ ਅਫ਼ਸਰ, ਫਾਜ਼ਿਲਕਾ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਵਾ: ਜਿਲ੍ਹਾ ਮੈਜਿਸਟਰੇਟ,
ਫਾਜ਼ਿਲਕਾ।

Scanned with CamScanner